for more materials visit www.educationobserver.com/forum

**Series : SKS/1** Code No. **4/1**

Roll No. | | | | | | | |

Candidates must write the Code on the title page of the answer-book.

- Please check that this question paper contains **4** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **17** questions.
- **Please write down the Serial Number of the question before attempting it.**
- 15 Minutes time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਪੰਜਾਬੀ

# PUNJABI

*ਸਮਾਂ ਸੀਮਾਂ : 3 ਘੰਟੇ ]* *[ ਪੂਰਨ ਅੰਕ : 100*

*Time allowed : 3 hours ]* *[ Maximum marks : 100*

1. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸ ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਲਿਖੋ :

ਟਾਲਸਟਾਏ ਦੀ ਆਤਮਾ ਵਿਚ ਧਰਮ ਦਾ ਵਾਸਾ ਸੀ ਪਰ ਉਹਨੂੰ ਧਰਮ ਦੇ ਨਾਮ ਉੱਪਰ ਹੋਣ ਵਾਲੇ ਪਾਖੰਡਾਂ ਨਾਲ ਨਫ਼ਰਤ ਸੀ । ਟਾਲਸਟਾਏ ਨੇ ਚਰਚ ਦਾ ਵਿਰੋਧ ਕੀਤਾ । ਧਰਮ ਦੇ ਠੇਕੇਦਾਰਾਂ ਨੇ ਉਸਨੂੰ ਚਰਚ ਤੋਂ ਛੇਕ ਦਿੱਤਾ । ਪਰ ਟਾਲਸਟਾਏ ਨੂੰ ਕੀ ਪ੍ਰਵਾਹ ਸੀ । ਉਹ ਤਾਂ ਪਾਖੰਡ ਦਾ ਵਿਰੋਧੀ ਸੀ । ਈਸਾ ਤੇ ਈਸਾਈਅਤ ਪ੍ਰਤੀ ਉਹਨੂੰ ਬੜੀ ਸ਼ਰਧਾ ਸੀ । ਟਾਲਸਰਾਏ ਨੇ ਹਿੰਦੂ ਧਰਮ, ਬੁੱਧ ਧਰਮ ਅਤੇ ਕਨਫੂਸ਼ਸ ਧਰਮ ਦਾ ਅਧਿਅਨ ਕੀਤਾ । ਅਨੇਕ ਧਰਮਾਂ ਦਾ ਅਧਿਅਨ ਕਰਨ ਬਾਦ ਉਹਨੇ ਸਿੱਟਾ ਕਢਿਆ ਕਿ ਸਾਰੇ ਧਰਮਾਂ ਦੀ ਆਤਮਾ ਇਕ ਹੈ । ਮੂਲ ਸਿਧਾਂਤ ਸਾਂਝੇ ਹਨ, ਕਿਸੇ ਨਾਲ ਵੈਰ ਭਾਵ ਨਾ ਰਖੋ, ਹਿੰਸਾ ਨਾ ਕਰੋ, ਆਪਣੀਆਂ ਇੱਛਾਵਾਂ ਨੂੰ ਬਹੁਤ ਨਾ ਵਧਾਉ, ਪ੍ਰਾਣੀ ਮਾਤਰ ਦੀ ਸੇਵਾ ਕਰੋ । ਸਭ ਧਰਮ ਇਕ ਈਸ਼ਵਰ ਉੱਪਰ ਹੀ ਵਿਸ਼ਵਾਸ ਰਖਦੇ ਹਨ । ਅਲਪ ਆਹਾਰ, ਟਾਲਸਟਾਏ ਨੂੰ ਚੰਗਾ ਲਗਦਾ ਸੀ । ਇਸ ਤਰ੍ਹਾਂ ਮਨ ਸ਼ੁੱਧ ਰਹਿੰਦਾ ਹੈ । ਸਮਾਜ ਵਿਚ ਉਚ ਨੀਚ ਦੀ ਪ੍ਰਚਲਿਤ ਭਾਵਨਾ ਦਾ ਉਨ੍ਹਾਂ ਸਦਾ ਵਿਰੋਧ ਕੀਤਾ ।

(ੳ) ਸਭ ਧਰਮ ਕਿਸ ਉਪਰ ਵਿਸ਼ਵਾਸ ਰਖਦੇ ਹਨ ?

(ਅ) ਟਾਲਸਟਾਏ ਦੇ ਆਹਾਰ ਬਾਰੇ ਕੀ ਵਿਚਾਰ ਸਨ ?

(ੲ) ਚਰਚ ਨਾਲ ਟਾਲਸਟਾਏ ਦੇ ਕਿਹੋ ਜਹੇ ਸੰਬੰਧ ਸਨ ?

(ਸ) ਸਾਰੇ ਧਰਮਾਂ ਦੇ ਸਿਧਾਂਤ ਕੀ ਕਹਿੰਦੇ ਹਨ ?

(ਹ) 'ਪਖੰਡ' ਅਤੇ 'ਅਲਪ ਆਹਾਰ' ਨੂੰ ਆਪਣੇ ਵਾਕਾਂ ਵਿਚ ਵਰਤੋ । **2 × 5 = 10**

2. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉਪਰ **200-250** ਸ਼ਬਦਾਂ ਦਾ ਲੇਖ ਲਿਖੋ :

(ੳ) ਸਮਾਜ ਵਿਚ ਇਸਤਰੀ ਦਾ ਸਥਾਨ

(ਅ) ਪ੍ਰਦੂਸ਼ਣ ਦੀ ਸਮੱਸਿਆ

(ੲ) ਪੰਜਾਬ ਦੇ ਲੋਕ-ਨਾਚ

(ਸ) ਵਿਦਿਆਰਥੀ ਜੀਵਨ ਵਿਚ ਖੇਡਾਂ ਦਾ ਮਹੱਤਵ **10**

for more materials visit www.educationobserver.com/forum

3. 'ਮਿੱਤਰ ਉਹ ਜਿਸ ਉਪਰ ਵਿਸ਼ਵਾਸ ਕੀਤਾ ਜਾ ਸਕੇ' – ਇਸ ਵਿਸ਼ੇ ਨੂੰ ਲੈ ਕੇ 100-125 ਸ਼ਬਦਾਂ ਦੀ ਇਕ ਕਹਾਣੀ ਲਿਖੋ । **7**

**ਜਾਂ**

ਪਹਾੜ ਉਤੇ ਬਣੇ ਕਿਸੇ ਤੀਰਥ ਅਸਥਾਨ ਦੇ ਦ੍ਰਿਸ਼ ਨੂੰ ਆਪਣੇ ਸ਼ਬਦਾਂ ਵਿਚ ਲਿਖੋ ।

4. ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਲਿਖੋ ਅਤੇ ਦਸੋ ਕਿ ਸਕੂਲਾਂ ਵਿਚ ਕੀ ਸੁਧਾਰ ਕਰਨੇ ਚਾਹੀਦੇ ਹਨ ? (100-125 ਸ਼ਬਦ) **8**

**ਜਾਂ**

ਤੁਹਾਡੇ ਇਲਾਕੇ ਵਿਚ ਲਾਵਾਰਸ ਪਸ਼ੂ ਸੜਕਾਂ ਉਤੇ ਘੁੰਮਦੇ ਰਹਿੰਦੇ ਹਨ – ਇਸ ਸਮੱਸਿਆ ਨੂੰ ਵਿਸਤਾਰ ਨਾਲ ਦਸਦਿਆਂ ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਲਿਖੋ ।

5. ਹੇਠ ਲਿਖੇ ਮੁਹਾਵਰਿਆਂ ਵਿਚੋਂ ਤਿੰਨਾਂ ਨੂੰ ਆਪਣੇ ਵਾਕਾਂ ਵਿਚ ਵਰਤੋ : **3**
   (i) ਇੱਟ ਕੁੱਤੇ ਦਾ ਵੈਰ ਹੋਣਾ
   (ii) ਸਾਹ ਵਿਚ ਸਾਹ ਆਉਣਾ
   (iii) ਘਿਓ ਖਿਚੜੀ ਹੋਣਾ
   (iv) ਦਿਨ ਫਿਰਨੇ
   (v) ਪਾਪੜ-ਵੇਲਣੇ

6. ਹੇਠ ਲਿਖੇ ਅਖਾਣਾਂ ਵਿਚੋਂ ਦੋ ਦੇ ਅਰਥ ਸਪਸ਼ਟ ਕਰੋ : **2**
   (i) ਇਕ ਹੱਥ ਨਾਲ ਤਾੜੀ ਨਹੀਂ ਵੱਜਦੀ
   (ii) ਕੁੱਛੜ ਕੁੜੀ, ਸ਼ਹਿਰ ਢੰਡੋਰਾ
   (iii) ਗੱਲ ਪਿਆ ਢੋਲ ਵਜਾਉਣਾ ਹੀ ਪੈਂਦਾ ਹੈ

7. ਹੇਠ ਲਿਖੇ ਪੈਰੇ ਨੂੰ ਸਹੀ ਵਿਸਰਾਮ ਚਿੰਨ੍ਹ ਲਗਾ ਕੇ ਲਿਖੋ : **3**

   ਹਿੱਸਾ ਹਿੱਸਾ ਕਿਆ ਹਾਲੀ ਤਾਂ ਮੈਂ ਆਪ ਬੈਠਾ ਹਾਂ ਹਿੱਸੇ ਵੰਡੀਆਂ ਤਾਂ ਮਰਨ ਤੋਂ ਬਾਦ ਹੁੰਦੇ ਨੇ ਉਸ ਦਿਨ ਮਾਸੜ ਜੀ ਪਹਿਲੀ ਵਾਰੀ ਉੱਚੀ ਬੋਲੇ

8. ਹੇਠ ਲਿਖੇ ਵਾਕਾਂ ਦੀ ਵਾਕ ਵੰਡ ਕਰੋ : **4**
   (i) ਸਚਿਨ ਵਧੀਆ ਖੇਡ ਰਿਹਾ ਹੈ
   (ii) ਨੀਤਾ ਪੜ੍ਹਕੇ ਸੌਣ ਚਲੀ ਗਈ ਹੈ

9. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ : **3**
   (i) ਲੜਦੇ ਤੁਸੀਂ ਹੋ ਬਹੁਤ ।
   (ii) ਸ਼ੇਰ ਦੇਖ ਮੈਂ ਘਬਰਾ ਗਿਆ ।
   (iii) ਮੀਨਾ ਤੇ ਮੰਜੂ ਕਲ੍ਹ ਪੜ੍ਹਨਗੇ ।

for more materials visit www.educationobserver.com/forum

10. ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ ਇਕ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **8**

(ੳ) ਭਟਕਣ ਛੱਡ ਲਟਕ ਲਾ ਇੱਕੋ
ਖੀਵੀ ਹੋ ਸੁਖ ਮਾਣੀ
ਹੋਸ਼ਾਂ ਨਾਲੋਂ ਮਸਤੀ ਚੰਗੀ
ਰਖਦੀ ਸਦਾ ਟਿਕਾਣੇ

(i) ਇਹ ਸਤਰਾਂ ਕਿਸ ਨੂੰ ਕਹੀਆਂ ਜਾ ਰਹੀਆਂ ਹਨ ?
(ii) ਹੋਸ਼ ਤੇ ਮਸਤੀ ਵਿਚ ਕੀ ਅੰਤਰ ਦੱਸਿਆ ਹੈ ?
(iii) ਸੰਬੰਧਤ ਕਵਿਤਾ ਅਤੇ ਉਸਦੇ ਕਵੀ ਦਾ ਨਾਂ ਲਿਖੋ ।
(iv) 'ਲਟਕੇ' ਅਤੇ 'ਖੀਵੀ' ਸ਼ਬਦਾਂ ਨੂੰ ਆਪਣੇ ਵਾਕਾਂ ਵਿਚ ਵਰਤੋ ।

ਜਾਂ

(ਅ) ਪਰ ਸਈਏ
ਇਹ ਸੁਪਨਾ ਸੁਪਨਾ ਹੀ ਰਹਿ ਜਾਂਦਾ
ਸ਼ਹਿਜ਼ਾਦੇ ਥਾਂ ਵਰਣ ਕੋਈ
ਦਾਨਵ ਆ ਜਾਂਦਾ
ਵਰ ਕੇ ਸਤਵੀਂ ਕੋਠੀ ਪਾਂਦਾ

(i) ਇਨ੍ਹਾਂ ਸਤਰਾਂ ਦੇ ਕਵੀ ਅਤੇ ਸੰਬੰਧਤ ਕਵਿਤਾ ਦਾ ਨਾਂ ਲਿਖੋ ।
(ii) ਕਿਸ ਸੁਪਨੇ ਦੀ ਗਲ ਹੋ ਰਹੀ ਹੈ ?
(iii) ਇਥੇ 'ਦਾਨਵ' ਸ਼ਬਦ ਕਿਸ ਵਲ ਇਸ਼ਾਰਾ ਕਰਦਾ ਹੈ ?
(iv) ਇਨ੍ਹਾਂ ਸਤਰਾਂ ਦਾ ਪ੍ਰਸੰਗ ਲਿਖੋ ।

11. ਮੋਹਨ ਸਿੰਘ ਦੀ ਕਵਿਤਾ 'ਤਾਜ ਮਹਲ' ਵਿਚ ਬਿਆਨ ਤਾਜ ਮਹਲ ਦੀ ਖ਼ੂਬਸੂਰਤੀ ਦਾ ਬਿਆਨ ਆਪਣੇ ਸ਼ਬਦਾਂ ਵਿਚ ਕਰੋ (**150** ਸ਼ਬਦ) **7**

ਜਾਂ

ਡਾ. ਹਰਿਭਜਨ ਸਿੰਘ ਦੀ ਕਵਿਤਾ 'ਜਾਲੇ' ਵਿਚ ਮਨੁੱਖ ਦੀ ਜੋ ਸਥਿਤੀ ਬਿਆਨ ਕੀਤੀ ਗਈ ਹੈ ਉਸਨੂੰ ਆਪਣੇ ਸ਼ਬਦਾਂ ਵਿਚ ਲਿਖੋ ।

12. ਹੇਠ ਲਿਖੇ ਕਥਾ-ਅੰਸ਼ਾਂ ਵਿਚੋਂ ਕਿਸੇ ਇਕ ਹੇਠ ਦਿਤੇ ਪ੍ਰਸ਼ਨਾਂ ਦੇ ਉਤਰ ਲਿਖੋ :

(ੳ) ਉਹ ਤਾਂ ਆਪਣੇ ਪਹਿਲਵਾਨ ਕੀੜੇ ਦੇ ਦਾਉ-ਪੇਚ ਹੀ ਵੇਖੇਗਾ, ਇਹ ਸੋਚਦਾ, ਠਰ੍ਹਮੇ ਨਾਲ ਤੁਰਦਾ, ਅਠਖੇਲੀਆਂ ਕਰਦਾ, ਉਹ ਕੀੜਿਆਂ ਦੇ ਭੌਣ ਉੱਤੇ ਪੁੱਜਾ । ਤਿਲਚੌਲੀ ਪਾਉਣ ਤੋਂ ਪਹਿਲਾਂ ਉਹਨੇ ਇਕ ਨਿੱਕੀ ਜਿਹੀ ਚਿਥਕੀ ਹੋਈ ਤਿੱਲਾਂ ਨਾਲ ਭਰੀ ਗੁੜ ਦੀ ਰੋੜੀ ਭੌਣ ਉੱਤੇ ਸੁੱਟੀ ।

(i) ਕੀੜੇ ਨੂੰ ਇਥੇ ਪਹਿਲਵਾਨ ਕਿਉਂ ਕਿਹਾ ਗਿਆ ਹੈ ?
(ii) ਗੁੜ ਦੀ ਰੋੜੀ ਪਾਉਣ ਨਾਲ ਹੁਣ ਕੀ ਹੋਵੇਗਾ ?
(iii) ਇਨ੍ਹਾਂ ਸਤਰਾਂ ਨਾਲ ਸੰਬੰਧਿਤ ਕਹਾਣੀ ਦਾ ਨਾਂ ਲਿਖੋ । **2 + 2 + 1 = 5**

ਜਾਂ

for more materials visit www.educationobserver.com/forum

"ਜਹੱਨਮ ਵਿਚ ਜਾਏ ਇਹ ਕਾਨੂੰਨ । ਮਾਂ ਦਾ ਬੱਚੇ ਉੱਤੇ ਕੋਈ ਹੱਕ ਨਹੀ ? ਜੰਮੇ ਮਾਂ, ਪਾਲੇ ਮਾਂ, ਜ਼ਫ਼ਰ ਜਾਲੇ ਮਾਂ –", ਤੋਸ਼ੀ ਝੁੰਜਲਾ ਰਹੀ ਸੀ ।

(i) ਕਿਸ ਕਾਨੂੰਨ ਦੀ ਗਲ ਇਥੇ ਹੋ ਰਹੀ ਹੈ ?

(ii) ਇਨ੍ਹਾਂ ਸਤਰਾਂ ਦਾ ਪ੍ਰਸੰਗ ਲਿਖੋ ।

(iii) ਸੰਬੰਧਿਤ ਕਹਾਣੀ ਦਾ ਨਾਂ ਲਿਖੋ ।

13. 'ਮਿੱਸ ਸੋਫ਼ਟ' ਕਹਾਣੀ ਦੀ ਮੁੱਖ ਪਾਤਰਾ ਮਿੱਸ ਸੋਫ਼ਟ ਦਾ ਚਰਿੱਤਰ ਚਿਤਰਣ ਆਪਣੇ ਸ਼ਬਦਾਂ ਵਿਚ ਲਿਖੋ । 5

ਜਾਂ

'ਮਾਂ ਦਾ ਲਾਡਲਾ' ਕਹਾਣੀ ਵਿਚ ਪੇਸ਼ ਮਾਂ ਦੀ ਮਮਤਾ ਨੂੰ ਆਪਣੇ ਸ਼ਬਦਾਂ ਵਿਚ ਲਿਖੋ ।

14. ਹੇਠ ਲਿਖੇ ਵਾਰਤਾਲਾਪਾਂ ਦੇ ਅੰਸ਼ਾਂ ਵਿਚੋਂ ਕਿਸੇ ਇਕ ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਲਿਖੋ : 3

(ੳ) "ਹੈ ਨਾ ਸਾਡੀ ਬਹਾਦਰੀ ? (ਹਸਦਾ ਹੈ) ਜਾਅਲੀ ਕੁਨੀਨ ਵਿਚੋਂ ਐਹ ਉਚ ਕੋਟੀ ਦਾ ਇੰਜੀਨੀਅਰ ।"

(i) ਇਹ ਵਾਰਤਾਲਾਪ ਕੌਣ ਬੋਲ ਰਿਹਾ ਹੈ ਤੇ ਕਿਸਨੂੰ ?

(ii) ਉਚ ਕੋਟੀ ਦਾ ਇੰਜੀਨੀਅਰ ਕੌਣ ਹੈ ?

(iii) ਇਸ ਵਾਰਤਾਲਾਪ ਦਾ ਪ੍ਰਸੰਗ ਦਸੋ ।

ਜਾਂ

(ਅ) "ਤੁਸੀਂ ਮੈਨੂੰ ਆਸ਼ੀਰਵਾਦ ਦਿਓ, ਮਾਤਾ ਜੀ, ਤਾਕਿ ਮੈਂ ਇਸ ਤੂਫ਼ਾਨ ਦਾ ਮੁਕਾਬਲਾ ਕਰ ਸਕਾਂ"

(i) ਕਿਹੜੇ ਤੂਫ਼ਾਨ ਦੀ ਗੱਲ ਹੋ ਰਹੀ ਹੈ ?

(ii) ਇਹ ਵਾਰਤਾਲਾਪ ਕੌਣ ਬੋਲ ਰਿਹਾ ਹੈ ?

(iii) ਵਾਰਤਾਲਾਪ ਬੋਲਣ ਵਾਲਾ ਕੀ ਕਰਨਾ ਚਾਹੁੰਦਾ ਹੈ ?

15. "ਕੰਧਾਂ ਰੇਤ ਦੀਆਂ" ਨਾਟਕ ਇਕ ਆਦਰਸ਼ਵਾਦੀ ਨਾਟਕ ਹੈ – ਇਸ ਕਥਨ ਬਾਰੇ 150 ਕੁ ਸ਼ਬਦਾਂ ਵਿਚ ਲਿਖੋ । 7

ਜਾਂ

ਇਸ ਨਾਟਕ ਦੇ ਦੋ ਇਸਤਰੀ ਪਾਤਰਾਂ ਦਾ ਚਰਿੱਤਰ ਚਿਤਰਣ ਲਿਖੋ ।

16. ਕਦਰਾਂ ਕੀਮਤਾਂ ਉਤੇ ਆਧਾਰਤ ਪ੍ਰਸ਼ਨ –

ਇਉਂ ਜਾਪਦੈ ਸਾਰੀ ਉਮਰ ਮੈਂ ਹਨੇਰੇ ਵਿਚ ਹੀ ਭਟਕਦਾ ਰਿਹਾਂ । ਮੈਂ ਤਾਂ ਇਹੀ ਸਮਝਦਾ ਰਿਹਾਂ ਕਿ ਮਾਪਿਆਂ ਦਾ ਫ਼ਰਜ਼ ਐ ਕਿਸੇ ਤਰ੍ਹਾਂ ਵੀ ਹੋਵੇ ਆਪਣੇ ਬੱਚਿਆਂ ਦੀ ਜ਼ਿੰਦਗੀ ਖੁਸ਼ਹਾਲ ਬਣਾਨ ਤੇ ਬੱਚਿਆਂ ਦਾ ਫ਼ਰਜ਼ ਐ ਮਾਪਿਆਂ ਦੇ ਹੁਕਮ ਦੀ ਪਾਲਣਾ ਕਰਨ । ਪਰ ਅੱਜ ਮੇਰੀਆਂ ਅੱਖਾਂ ਖੁਲ੍ਹੀਆਂ ਨੇ ਅੱਜ ਮੈਨੂੰ ਪਤਾ ਲਗਾ ਐ ਇਹ ਤਾਂ ਸਭ ਰੇਤ ਦੀਆਂ ਕੰਧਾਂ ਸਨ ਜਿਨ੍ਹਾਂ ਦੇ ਸਹਾਰੇ ਮੈਂ ਆਪਣੀ ਜ਼ਿੰਦਗੀ ਦਾ ਮਹਿਲ ਉਸਾਰਿਆ ਸੀ ।

ਪ੍ਰ : ਮਾਪਿਆਂ ਅਤੇ ਬੱਚਿਆਂ ਦੇ ਫ਼ਰਜ਼ ਬਾਰੇ ਉਪਰ ਦਿੱਤਾ ਕਥਨ ਕੀ ਹਰ ਹਾਲਤ ਵਿਚ ਸਹੀ ਹੈ ? ਇਸ ਬਾਰੇ ਤੁਸੀਂ ਕੀ ਸੋਚਦੇ ਹੋ ? ਆਪਣੇ ਵਿਚਾਰ **100-125** ਸ਼ਬਦਾਂ ਵਿਚ ਤਰਕ ਪੂਰਵਕ ਲਿਖੋ । 5

17. ਆਧੁਨਿਕ ਪੰਜਾਬੀ ਕਵਿਤਾ ਦੀ ਵਿਕਾਸ ਯਾਤਰਾ ਨੂੰ **200**ਕੁ ਸ਼ਬਦਾਂ ਵਿਚ ਤਰਕ ਪੂਰਵਕ ਲਿਖੋ :

ਜਾਂ

ਪੰਜਾਬੀ ਦੇ ਗੁਰਮਤਿ-ਕਾਵਿ ਨਾਲ ਜਾਣ ਪਛਾਣ ਕਰਾਓ ।

---